# ਮੇਰੀਆਂ ਅਭੁੱਲ ਯਾਦਾਂ

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਇਹ ਪੁਸਤਕ ਵਾਸਤਵ ਵਿੱਚ ਸ੍ਵੈ-ਜੀਵਨੀ ਦੇ ਅੰਸ਼ਾਂ ਨਾਲ ਭਰਪੂਰ ਪੁਸਤਕ ਹੈ। ਜੋ ਕਿ ਪਹਿਲੀ ਵਾਰ 1947 ਵਿੱਚ ਪ੍ਰਕਾਸ਼ਿਤ ਕੀਤੀ ਗਈ। ਇਸਦੇ ਛੇਵੇਂ ਐਡੀਸ਼ਨ ਦੀ ਭੂਮਿਕਾ ਵਿੱਚ ਇਸ ਪੁਸਤਕ ਵਿਚਲੇ 20 ਲੇਖਾਂ ਦਾ ਕੇਂਦਰੀ ਧੁਰਾ ਨਜ਼ਰ ਆਉਂਦਾ ਹੈ। ਭੂਮਿਕਾ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਲਿਖਦਾ ਹੈ–

> ਪ੍ਰੀਤ, ਦੋਸਤੀ, ਵਫ਼ਾ-ਕੰਮ ਆਉਣ ਦਾ ਚਾਅ ਤੇ ਸਦਕੇ ਜਾਣ ਦੀ ਖ਼ੁਸ਼ੀ ਹੀ ਮਨੁੱਖੀ ਮਨ ਦੀਆਂ ਉਸਾਰੂ ਸ਼ਕਤੀਆਂ ਨੂੰ ਕਾਇਮ ਰੱਖ ਸਕਦੇ ਹਨ। ਇਹ ਸਿਫ਼ਤਾਂ ਉਹ ਸੁਨਹਿਰੀ ਮੋਹਰਾਂ ਹਨ, ਜਿਨ੍ਹਾਂ ਦਾ ਮੁੱਲ ਸਮਾਂ ਵੀ ਨਹੀਂ ਘਟਾਉਂਦਾ, ਸੈਂਕੜੇ ਨਵੇਂ ਸਿੱਕੇ ਮੰਡੀ ਵਿੱਚ ਆਉਣ, ਇਹਨਾਂ ਮੋਹਰਾਂ ਦਾ ਮੁੱਲ ਸਵਾਇਆ ਹੀ ਵੱਟਿਆ ਜਾਵੇਗਾ।

ਇਸ ਪੁਸਤਕ ਵਿਚਲੀਆਂ ਯਾਦਾਂ ਸੰਨ 1924 ਤੋਂ ਪਹਿਲਾਂ ਦੀਆਂ ਹਨ। ਪਹਿਲੇ ਹੀ ਲੇਖ 'ਮੇਰੇ ਦਾਦੀ ਜੀ' ਵਿੱਚ ਉਹ ਆਪਣੀ ਬਜ਼ੁਰਗ ਦਾਦੀ ਮਾਂ ਦੇ ਸਮੁੱਚੇ ਜੀਵਨ ਢੰਗ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਪ੍ਰੀਤਲੜੀ ਆਪਣੀ ਸ਼ਖ਼ਸੀਅਤ ਉੱਤੇ ਆਪਣੀ ਦਾਦੀ ਜੀ ਦੀ ਸ਼ਖ਼ਸੀਅਤ ਦਾ ਬਹੁਤ ਪ੍ਰਭਾਵ ਮੰਨਦਾ ਹੈ। ਉਹਨਾਂ ਦੀ ਜੀਵਨ-ਜਾਚ ਬਾਰੇ ਉਹ ਲਿਖਦਾ ਹੈ- ਕੰਮ ਕਰਦੇ ਹਨ ਧਰਮ ਸਮਝ ਕੇ , ਆਰਾਮ ਕਰਦੇ ਹਨ ਧਰਮ ਸਮਝ ਕੇ। ਇਸ ਲਈ ਧਰਮ ਉਨ੍ਹਾਂ ਲਈ ਕੋਈ ਸਿਧਾਂਤ ਨਹੀਂ, ਕੋਈ ਅਕੀਦਾ ਨਹੀਂ, ਸਮੁੱਚੀ ਜੀਵਨ ਜਾਚ ਹੈ।

ਆਪਣੀ ਪਹਿਲੀ ਉਮਰ ਦੇ ਪਿਆਰ ਨੂੰ ਪ੍ਰੀਤਲੜੀ ਨੇ 'ਮੇਰਾ ਨਿਸਫ਼ਲ ਪਿਆਰ' ਲੇਖ ਵਿੱਚ ਪੇਸ਼ ਕੀਤਾ ਹੈ। ਉਸ ਪਿਆਰ ਵਿੱਚ ਪੈਦਾ ਹੋਏ ਜਜ਼ਬਿਆਂ ਅਤੇ ਛੋਟੀਆਂ-ਛੋਟੀਆਂ ਗੁੰਝਲਾਂ ਅਤੇ ਇਹਨਾ ਨੂੰ ਬਿਆਨ ਨਾ ਕਰ ਸਕਣ ਵਾਲੀ ਸੰਗ ਸ਼ਰਮ ਨੂੰ ਉਸਨੇ ਬੜੇ ਰੋਮਾਂਚਿਕ ਤਰੀਕੇ ਨਾਲ ਲਿਖਿਆ ਹੈ।

'ਮੇਰੀ ਨੰਨੀ ਲਿਲਹਾ' ਅਮਰੀਕਾ ਦੇ ਸ਼ਹਿਰ ਯੰਗਸਟਾਉਨ ਵਿੱਚ ਛੋਟੇ-ਛੋਟੇ ਬੱਚਿਆਂ ਨਾਲ ਕੀਤੇ ਹੋਏ ਆਪਣੇ ਵਾਰਤਾਲਾਪ,ਉਹਨਾਂ ਨਾਲ ਪਾਈਆਂ ਆਪਣੀਆਂ ਪਿਆਰ ਸਾਂਝਾਂ ਤੇ ਫਿਰ ਉਹਨਾਂ ਦੇ ਘਰ ਤੇ ਸਕੂਲ ਤੱਕ ਜਾ ਕੇ ਬਣਾਏ ਹੋਏ ਪ੍ਰੇਮ ਭਰੇ ਮਨੁੱਖੀ ਰਿਸ਼ਤਿਆਂ ਦਾ ਬਿਉਰਾ ਹੈ। ਲਿਲਹਾ ਇਸ ਅਮਰੀਕਨ ਸ਼ਹਿਰ ਦੀ ਇੱਕ ਬੱਚੀ ਹੈ ਜੋ ਉਸਦੇ ਇੱਕ ਲੇਖ ਵਿੱਚ ਇੱਕ ਨੰਨ੍ਹੀ ਨਾਇਕਾ ਵਜੋਂ ਪ੍ਰਗਟ ਹੋਈ।

ਇਸ ਲੇਖ ਦਾ ਧੁਰਾ ਵੀ ਅਪਣੱਤ ਭਰੇ ਮਨੁੱਖੀ ਰਿਸ਼ਤੇ ਹੀ ਹਨ। ਵਾਸਤਵ ਵਿੱਚ ਇਸ ਲੇਖ ਰਾਹੀਂ ਲੇਖਕ ਅਮਰੀਕਾ ਜਿਹੇ ਦੇਸ਼ ਵਿੱਚ ਸਿੱਖਿਆ ਪ੍ਰਣਾਲੀ, ਅਧਿਆਪਕ ਅਤੇ ਵਿਦਿਆਰਥੀ ਵਿਚਲੇ ਸਬੰਧਾਂ ਦਾ ਜ਼ਿਕਰ ਕਰਦਾ ਹੈ। ਲੇਖ ਵਿਚਲੀਆਂ ਪੰਕਤੀਆਂ ਦਾ ਝਲਕਾਰਾ ਕੁੱਝ ਇਸ ਤਰ੍ਹਾਂ ਹੈ-

> ਅਮਰੀਕਾ ਵਿੱਚ ਵੱਡੀਆਂ ਲਾਇਬ੍ਰੇਰੀਆਂ ਵਿੱਚ ਬੱਚਿਆਂ ਦੀ ਸਹਿਭਾਗਤਾ ਵੀ ਹੁੰਦੀ ਹੈ। ਹਰ ਬੱਚਾ ਜਿਸ ਦੀ ਉਮਰ ਸੱਤ ਸਾਲ ਤੋਂ ਵੱਧ ਹੋਵੇ, ਜਿਸਦੇ ਮਾਂ-ਬਾਪ ਦਾ ਨਾਂ ਨਗਰ ਕਮੇਟੀ ਦੀਆਂ ਕਿਤਾਬਾਂ ਵਿੱਚ ਦਰਜ ਹੋਵੇ, ਬਿਨਾਂ ਚੰਦਾ ਦਿੱਤੇ, ਦਸਤਖ਼ਤ ਕਰਕੇ ਦੋ ਕਿਤਾਬਾਂ ਘਰ ਲੈ ਕੇ ਜਾ ਸਕਦਾ ਹੈ। ਬੱਚਿਆਂ ਦੇ ਪੜ੍ਹਨਯੋਗ ਹਜਾਰਾਂ ਕਿਤਾਬਾਂ ਰੱਖੀਆਂ ਹੁੰਦੀਆਂ ਹਨ।

ਅਧਿਆਪਕ ਤੇ ਵਿਦਿਆਰਥੀਆਂ ਵਿਚਕਾਰਲੇ ਸਬੰਧਾਂ ਬਾਰੇ ਉਹ ਲਿਖਦਾ ਹੈ–

> ਇੰਨੇ ਨੂੰ ਲਿਲਹਾ ਨੂੰ ਵੀ ਕੁਝ ਚੇਤੇ ਆ ਗਿਆ, "ਸੱਚ ਸਾਡੀ ਉਸਤਾਦਨੀ ਜੀ ਆਖਦੇ ਸਨ ਕਿ ਤੁਸੀਂ ਕਿਸੇ ਦਿਨ ਸਾਡੇ ਸਕੂਲ ਆਵੋ ਤੇ ਬੱਚਿਆਂ ਨੂੰ ਆਪਣੇ ਦੇਸ਼ ਦੀਆਂ ਗੱਲਾਂ ਸੁਣਾਓ, ਕਦੋਂ ਆ ਸਕੋਗੇ?"

'ਮੇਰੀ ਅਛੂਤ ਸਹੇਲੀ' ਲੇਖ ਵਿੱਚ ਉਹ ਆਪਣੇ ਸਹੁਰੇ ਪਿੰਡ ਵਿੱਚ ਰਹਿੰਦੀ ਇੱਕ ਹੇਠਲੇ ਵਰਗ ਦੀ ਕੁੜੀ ਨਾਲ ਆਪਣੇ ਇਨਸਾਨੀ ਪ੍ਰੇਮ ਦੀ ਕਹਾਣੀ ਦੱਸਦਾ ਹੈ। ਇਸ ਲੇਖ ਵਿੱਚ ਉਹ ਗੁਰਦਿਆਲ ਸਿੰਘ ਨਾਵਲਕਾਰ ਵਾਂਗ ਇਸ ਸਮਾਜਿਕ ਵਰਗ ਦੇ ਰਹਿਣ-ਸਹਿਣ ਦਾ ਦ੍ਰਿਸ਼ ਪੇਸ਼ ਕਰ ਜਾਂਦਾ ਹੈ। ਜਿਵੇਂ ਕਿ–

ਬੜੇ ਸੋਗੀ ਜਿਹੇ ਢੱਠੇ ਕੋਠੇ, ਨਾ ਉਹਨਾਂ ਵਿੱਚ ਕੋਈ ਬਾਰੀ ਨਾ ਝਰਨਾ, ਰੂੜੀ ਦੀਆਂ ਢੇਰੀਆਂ ਤੇ ਗੰਦੇ ਸਾੜੇ ਪਾਣੀ ਦੀਆਂ ਕਾਲੀਆਂ ਛਪੜੀਆਂ ਥਾਂ-ਥਾਂ ਦਿਖਾਈ ਦਿੰਦੀਆਂ ਹਨ। ਨੰਗੇ ਹੱਡੀਆਂ ਦੇ ਪਿੰਜਰ-ਬੱਚੇ ਸਾਹਮਣੇ ਮਿੱਟੀ ਵਿੱਚ ਖੇਡ ਰਹੇ ਸਨ। ਪਤਲੇ ਕੱਪੜਿਆਂ ਵਿੱਚ ਠੁਰਕਦੀਆਂ ਤੀਵੀਆਂ, ਪਰਲੇ ਸਿਰੇ ਉੱਤੇ ਇੱਕ ਖੂਹ ਦੁਆਲੇ ਆਪਣੀ ਵਾਰੀ ਉਡੀਕ ਰਹੀਆਂ ਸਨ।

ਇਸ ਲੇਖ ਵਿੱਚ ਉਹ ਸਮਾਜਿਕ ਜਾਗਰੂਕਤਾ ਦਾ ਚਿੱਤਰਨ ਕਰਦਾ ਹੋਇਆ ਇਹ ਦੱਸ ਜਾਂਦਾ ਹੈ ਕਿ ਭਿੱਟੇ ਜਾਣਾ ਅਤੇ ਭਿੱਟ ਦੇਣਾ ਦੋਹਾਂ ਵਰਗਾਂ ਲਈ ਹੀ ਇੱਕੋ ਜਿਹੇ ਅਰਥ ਰੱਖਦਾ ਸੀ। ਸਿਰਫ਼ ਉੱਚ ਜਾਤਾਂ ਹੀ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਤੋਂ ਦੂਰ ਰਹਿਣਾ ਪਸੰਦ ਨਹੀਂ ਕਰਦੀਆਂ ਸਨ, ਆਪਣੇ ਆਪ ਨੂੰ ਨੀਵੀਆਂ ਜਾਤਾਂ ਸਮਝਦੇ ਲੋਕ ਵੀ ਅਜਿਹੇ ਵਿਵਹਾਰ ਨੂੰ ਪ੍ਰਵਾਨ ਕਰਕੇ ਸਾਧਾਰਨ ਵਿਵਹਾਰ ਮੰਨ ਚੁੱਕੇ ਸਨ।

'ਮੇਰੀ ਦਸਤਾਰ' ਲੇਖ ਨੌਂ ਸਫ਼ਿਆਂ ਵਿੱਚ ਫੈਲਿਆ ਹੈ। ਇਹ ਲੇਖ ਉਸਦੀਆਂ ਇੰਗਲਿਸਤਾਨ ਦੇ ਸ਼ਹਿਰ ਲਿਵਰਪੂਲ ਅਤੇ ਅਮਰੀਕਾ ਦੀਆਂ ਯਾਦਾਂ ਨਾਲ ਜੁੜਿਆ ਹੋਇਆ ਹੈ। ਉਹ ਲਿਖਦਾ ਹੈ ਕਿ ਮੇਰੇ ਵੱਖਰੇ ਪਹਿਰਾਵੇ ਕਾਰਨ ਮੈਨੂੰ ਉੱਥੋਂ ਦੇ ਸਥਾਨਕ ਲੋਕਾਂ ਕੋਲੋਂ ਵਿਸ਼ੇਸ਼ ਸਨਮਾਨ ਮਿਲਦਾ ਰਿਹਾ ਹੈ। ਮੇਰੀ ਵਿਸ਼ੇਸ਼ ਦਿੱਖ ਕਾਰਨ, ਮੈਨੂੰ ਉੱਥੇ ਪੜ੍ਹਦੇ ਹਿੰਦੋਸਤਾਨੀ ਮੁੰਡੇ ਮਖੌਲ-ਮਖੌਲ ਵਿੱਚ, ਹੱਥ ਜੋੜ ਕੇ ਫ਼ਤਹਿ ਬਲਾਉਂਦੇ। ਕੁੱਬੇ ਨੂੰ ਲੱਤਕਾਰੀ ਵਾਂਗ ਉੱਥੋਂ ਦੇ ਸਥਾਨਿਕ ਲੋਕ, ਸਗੋਂ ਉਸਦਾ ਵਧੇਰੇ ਸਤਿਕਾਰ ਕਰਨ ਲੱਗੇ।

ਅਮਰੀਕਾ ਵਿੱਚ ਆਪਣੇ ਨਾਲ ਹੋਏ ਇੱਕ ਵਾਕਿਅਤ ਦਾ ਜ਼ਿਕਰ ਵੀ ਉਹ ਇਸ ਲੇਖ ਵਿੱਚ ਕਰਦਾ ਹੈ।ਉੱਥੇ ਸਿਨੇਮਾ ਦੇਖਣ ਗਏ ਨੂੰ ਦਸਤਾਰ ਉਤਾਰ ਕੇ ਸਿਨੇਮਾ ਦੇਖਣ ਦਾ ਹੁਕਮ ਹੈ। ਇਸ ਹੁਕਮ ਦੇ ਜਵਾਬ ਵਜੋਂ ਪ੍ਰੀਤਲੜੀ ਨੇ ਅਖ਼ਬਾਰ ਨੂੰ ਇੱਕ ਚਿੱਠੀ ਭੇਜ ਦਿੱਤੀ। ਜਿਸ ਵਿੱਚ ਉਸਨੇ ਭਾਰਤੀਆਂ ਦੀ ਅਮਰੀਕਨਾਂ ਪ੍ਰਤੀ ਪੇਸ਼ ਹੁੰਦੀ ਮਹਿਮਾਨ ਨਿਵਾਜ਼ੀ ਅਤੇ ਆਪ ਬੀਤੀ ਦਾ ਵਿਸਥਾਰ ਕੀਤਾ ਹੈ। ਜਿਸਦੇ ਪ੍ਰਤੀਕਰਮ ਵਜੋਂ ਉਸਨੂੰ ਸਬੰਧਿਤ ਸਿਨੇਮਾ ਘਰ ਦੇ ਪ੍ਰਬੰਧਕ ਵਜੋਂ ਮਾਫ਼ੀਨਾਮਾ ਭੇਜਿਆ ਗਿਆ। ਉਸਨੇ ਇਹ ਪੱਤਰ ਵੀ ਇਸ ਲੇਖ ਵਿੱਚ ਛਾਪ ਦਿੱਤਾ।

'ਵੇਖਣ ਜਾਣਨ ਤੇ ਕੰਮ ਆਉਣ ਦਾ ਚਾਅ' ਵਿੱਚ ਉਹ ਵਿਦੇਸ਼ ਵਿੱਚ ਆਪਣੇ ਤਜ਼ਰਬਿਆਂ ਬਾਰੇ ਲਿਖਦਾ ਹੈ ਅਤੇ ਬਰਤਾਨੀਆਂ ਵਿੱਚ ਉੱਥੋਂ ਦੇ ਇੱਕ ਨਾਗਰਿਕ ਦੁਆਰਾ ਕੀਤੀਆਂ ਦਿਲ ਟੁੰਬਵੀਆਂ ਗੱਲਾਂ ਪੇਸ਼ ਕਰਦਾ ਹੈ, ਜਿਹੜੀਆਂ ਕਿ ਆਮ ਲੋਕਾਂ ਵਿੱਚ ਕਿਸੇ ਵੀ ਹੋਰ ਦੇਸ਼ ਦੇ ਆਮ ਲੋਕਾਂ ਪ੍ਰਤੀ ਸਮਝ ਨੂੰ ਪਲਟਾਅ ਕੇ ਰੱਖ ਸਕਦੀਆਂ ਹਨ। ਉਸ ਵਿਦੇਸ਼ੀ ਨਾਗਰਿਕ ਦੁਆਰਾ ਕਹੀ ਗਈ ਗੱਲ ਇੰਨ੍ਹ-ਬਿੰਨ੍ਹ ਹਾਜ਼ਿਰ ਹੈ-

ਮੇਰੇ ਕੋਲੋਂ ਹਿੰਦ ਸਰਕਾਰ ਦੀ ਕਸ਼ੋਭਾ ਸੁਣ ਕੇ ਉਹ ਗੁੱਸੇ ਨਾ ਹੋਇਆ, ਸਗੋਂ ਕਹਿਣ ਲੱਗਾ-

ਸਰਕਾਰਾਂ ਵਿੱਚ ਕੌਮੀਅਤ ਨਹੀਂ ਹੁੰਦੀ, ਅੰਗ੍ਰੇਜ਼ ਸਰਕਾਰ ਹੋਰ ਚੀਜ਼ ਹੈ, ਅਗ੍ਰੇਜ਼ੀ ਸਰਕਾਰ ਦਾ ਰਿਸ਼ਤਾ ਤੁਹਾਡੇ ਨਾਲ ਕੀ ਹੈ? ਅੰਗ੍ਰੇਜ਼ ਤੁਹਾਡੇ ਸੁਨੇਹੀ ਹੀ ਹਨ।

ਨਿੱਤ ਦੇ ਜੀਵਨ ਵਿੱਚ ਮਨੁੱਖ ਨੂੰ ਮਨੁੱਖ ਦੀ ਜ਼ਰੂਰਤ ਸਬੰਧੀ ਪ੍ਰੀਤਲੜੀ ਇੱਕ ਬਹੁਤ ਹੀ ਡੂੰਘਾ ਜੀਵਨ ਸੰਕਲਪ ਪੇਸ਼ ਕਰਦਾ ਹੈ।ਉਹ ਲਿਖਦਾ ਹੈ ਕਿ ਹਰ ਆਦਮੀ ਦੂਜੇ ਆਦਮੀ ਵੀਰ ਕੋਲੋਂ ਧਿਆਨ ਤੇ ਸਹਾਇਤਾ ਦਾ ਹੱਕ ਰੱਖਦਾ ਹੈ। ਜੇ ਉਹ ਆਪ ਐਸਾ ਹੱਕ ਦੂਜੇ ਨੂੰ ਬਿਨਾਂ ਸੰਕੋਚ ਦੇ ਸਕਦਾ ਹੈ ਤਾਂ ਅਜਿਹਾ ਹੱਕ ਮੰਗਣ ਵਿੱਚ ਵੀ ਕਿਸੇ ਝਿਜਕ ਦੀ ਲੋੜ ਨਹੀਂ।

ਉਹ ਸੋਹਣੇ ਸੁਚੱਜੇ ਜੀਵਨ ਦੀ ਬੁਨਿਆਦ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਟਿਕਾ ਦਿੰਦਾ ਹੈ। ਉਹ ਲਿਖਦਾ ਹੈ ਕਿ ਨਿੱਕੇ-ਨਿੱਕੇ ਆਦਰਾਂ ਉੱਤੇ ਕੀ ਮੁੱਲ ਲੱਗਦਾ ਹੈ, ਪਰ ਸਾਡੀ ਤੰਗ-ਦਿਲੀ ਸਾਨੂੰ ਬੇਮੁੱਲੇ ਸਵਰਗ ਤੋਂ ਵਾਂਝਿਆਂ ਰੱਖਦੀ ਹੈ।

ਉਹ ਵਿਦੇਸ਼ਾਂ ਵਿੱਚ ਉੱਥੋਂ ਦੇ ਨਿਜ਼ਮ ਦੀਆਂ ਝਾਕੀਆਂ ਪੇਸ਼ ਕਰ ਜਾਂਦਾ ਹੈ। ਜਿਵੇਂ ਕਿ ਉੱਥੋਂ ਦੀ ਬੀਮਾ ਵਿਵਸਥਾ। ਇਸੇ ਲੇਖ ਵਿੱਚ ਉਹ ਵਿਦਿਅਕ ਸੰਸਥਾਵਾਂ ਵਿੱਚ ਹੋਈਆਂ ਛੁੱਟੀਆਂ ਦੌਰਾਨ ਵੱਖ-ਵੱਖ ਦੇਸ਼ਾਂ ਦੇ ਵਿਦਿਆਰਥੀਆਂ ਦੇ ਘੁੰਮਣ ਅਤੇ ਵਿਦੇਸ਼ਾਂ ਵਿੱਚ ਵੱਖ ਵੱਖ ਪਰਿਵਾਰਾਂ ਵਿੱਚ ਮਹਿਮਾਨ ਬਣਕੇ ਰਹਿਣ ਲਈ ਕੰਮ ਕਰਦੀ ਕਾਰਜ਼ ਪ੍ਰਣਾਲੀ ਦਾ ਜ਼ਿਕਰ ਕਰਕੇ ਵੀ ਉਹਨਾਂ ਮੁਲਕਾਂ ਦੀਆਂ ਖਾਸ ਵਿਸ਼ੇਸ਼ਤਾਵਾਂ ਬਾਰੇ ਜਾਣੂ ਕਰਵਾ ਦਿੰਦਾ ਹੈ।

ਇਸੇ ਤਰ੍ਹਾਂ ਸਵਿਟਜਰਲੈਂਡ ਵਿੱਚ ਕਿਸੇ ਹੋਟਲ ਵਿੱਚ ਰਹਿਣ ਲਈ ਥਾਂ ਨਾ ਹੋਣ ਕਾਰਨ ਹੋਟਲ ਪ੍ਰਬੰਧਕ ਵੱਲੋਂ ਕਿਸੇ ਘਰ ਵਿੱਚ ਪ੍ਰੀਤਲੜੀ ਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ। ਉਸ ਪਰਿਵਾਰ ਦੇ ਜੀਆਂ ਨਾਲ ਪਏ ਆਪਣੇ ਮੋਹ-ਪ੍ਰੇਮ ਵਿੱਚੋਂ ਇਕੱਠੀਆਂ ਸੁਆਦਲੀਆਂ ਯਾਦਾਂ ਵੀ ਇਸੇ ਲੇਖ ਵਿੱਚ ਹਾਜ਼ਰ ਹਨ। ਇਸ ਲੇਖ ਵਿੱਚ ਉਹ ਹਿੰਦੋਸਤਾਨੀਆਂ ਨੂੰ ਪ੍ਰਦੇਸੀਆਂ ਨਾਲ ਆਦਰ ਭਰਿਆ ਵਰਤਾਓ ਕਰਨ ਦੀ ਵੀ ਬੇਨਤੀ ਕਰਦਾ ਹੈ।

ਇਸੇ ਤਰ੍ਹਾਂ ਉਹ ਇੱਕ ਛੋਟੇ ਜਿਹੇ ਲੇਖ ਰਾਹੀਂ 'ਲੰਡਨ ਦੀ ਇੱਕ ਮੇਡ' ਨਾਲ ਵੀ ਆਪਣੀਆਂ ਯਾਦਾਂ ਤਾਜਾ ਕਰਦਾ ਹੈ। ਇਰਾਨ ਵਿੱਚ ਮਜ਼ਦੂਰ ਤੇ ਮਜ਼ਦੂਰਨੀਆਂ ਨਾਲ ਆਪਣੇ ਮਨੁੱਖੀ ਸਬੰਧੀ ਦੀਆਂ ਯਾਦਾਂ ਨੂੰ 'ਉਮਰ ਖ਼ਿਆਮ ਦੇ ਮੁਲਕ ਵਿੱਚ' ਪੇਸ਼ ਕਰਦਾ ਹੈ।

'ਕੰਗਾਲ ਕਵੀਆਂ ਦੀ ਕਲੱਬ' ਲੇਖ ਵਿੱਚ ਉਹ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਉੱਥੋਂ ਦੇ ਅਜਿਹੇ ਕਵੀਆਂ ਨਾਲ ਆਪਣੀ ਮੁਲਾਕਾਤ ਨੂੰ ਲਿਖਦਾ ਹੈ ਜਿਹਨਾਂ ਨੂੰ ਕਵਿਤਾਵਾਂ ਉਹਨਾਂ ਦੀ ਥਕਾਣ ਭਰੀ ਜ਼ਿੰਦਗੀ ਵਿਚੋਂ ਉਪਜਦੀਆਂ ਹਨ। ਪੈਰਿਸ ਵਿੱਚ ਕਵੀ ਤੇ ਕਵਿੱਤਰੀਆਂ ਪੂਰਾ ਦਿਨ ਮਜ਼ਦੂਰੀ ਵਾਲਾ ਜੀਵਨ ਬਤੀਤ ਕਰਦੇ ਹਨ ਅਤੇ ਰੱਦੀ ਕਾਗਜਾਂ ਦੇ ਟੁੱਕੜਿਆਂ 'ਤੇ ਆਪਣੀਆਂ ਕਵਿਤਾਵਾਂ ਲਿਖ ਕੇ ਇਸ ਕਲੱਬ ਵਿੱਚ ਆਪਣੀ ਜੀਵਨ ਵਾਰਤਾ ਨੂੰ ਇੱਕ ਦੂਜੇ ਨਾਲ ਸਾਂਝਿਆਂ ਕਰਦੇ ਹਨ।

'ਦਰਦ ਕਹਾਣੀ' ਲੇਖ ਰਾਹੀਂ ਪ੍ਰੀਤਲੜੀ ਕਿਸੇ ਨਜ਼ਦੀਕੀ ਵਿਅਕਤੀ ਦੀ ਜ਼ਿੰਦਗੀ ਵਿੱਚ ਭੂਚਾਲ ਕਾਰਨ ਆਈ ਤਬਾਹੀ ਅਤੇ ਫਿਰ ਉਸਦੀ ਮਾਨਸਿਕਤਾ ਵਿੱਚ ਆਏ ਉਸਾਰੂ ਪਰਿਵਰਤਨ ਨੂੰ ਲਿਖਦਾ ਹੈ।

ਇਸ ਘਟਨਾ ਦੇ ਜ਼ਿਕਰ ਰਾਹੀਂ ਉਹ ਪਾਠਕਾਂ ਨੂੰ ਬ੍ਰਹਿਮੰਡ ਦੀ ਸ਼ਕਤੀ ਬਾਰੇ ਅਤੇ ਮਨੁੱਖ ਨੂੰ ਉਸਦੀ ਜ਼ਿੰਦਗੀ ਵਿੱਚ ਵਾਪਰ ਰਹੀਆਂ ਦੁਰਘਟਨਾਵਾਂ ਪਿਛਲੇ ਕੁਦਰਤ ਦੇ ਮੰਤਵ ਬਾਰੇ ਗਿਆਨ ਦਿੰਦਾ ਹੈ। ਪ੍ਰੀਤਲੜੀ ਵਿਸ਼ਵ ਦੇ ਬੇਸ਼ਕੀਮਤੀ ਸਾਹਿਤ ਤੇ ਸਾਹਿਤਕਾਰਾਂ ਨਾਲ ਪਾਠਕ ਦੀ ਜਾਣ-ਪਹਿਚਾਣ ਵੀ ਕਰਵਾ ਜਾਂਦਾ ਹੈ।

'ਮੌਤ ਦੇ ਦਰਸ਼ਨ' ਲੇਖ ਵਿੱਚ ਉਹ ਮੌਤ ਉਪਰੰਤ ਹੋਣ ਵਾਲੀਆਂ ਰਸਮਾਂ ਨੂੰ ਲੈ ਕੇ ਭਾਰਤ ਅਤੇ ਵਿਕਸਿਤ ਮੁਲਕਾਂ ਦਾ ਤੁਲਨਾਤਮਿਕ ਅਧਿਐਨ ਕਰਦਾ ਹੈ। ਇਹ ਅਧਿਐਨ ਉਹ ਪੱਛਮੀ ਦੇਸ਼ ਵਿੱਚ ਇੱਕ ਮੌਤ ਉਪਰੰਤ ਪਰਿਵਾਰਕ ਵਾਤਾਵਰਨ ਦੇ ਆਧਾਰ 'ਤੇ ਲਿਖਦਾ ਹੈ।

ਆਪਣੇ ਅਗਲੇ ਲੇਖ 'ਅਨੋਖੇ ਮੇਲ ਦੀ ਤਾਂਘ' ਜੋ ਕਿ ਇੱਕ ਨਿਰੋਲ ਕਾਲਪਨਿਕ ਹੈ, ਵਿੱਚ ਉਹ ਇੱਕ ਚੋਰ ਨੂੰ ਮਿਲਣ ਦੀ ਤਾਂਘ ਜਤਾਉਂਦਾ ਹੈ। ਉਹ ਚੋਰ ਨੂੰ ਵੀ ਬੜੇ ਸਨਮਾਨਜਨਕ ਸ਼ਬਦਾਂ ਨਾਲ ਪੇਸ਼ ਕਰਦਾ ਹੈ-

> ਮੈਂ ਮਿਲਣਾ ਸੀ ਚੋਰ ਨੂੰ, ਸੜਕਾਂ ਦੇ ਰਾਤ-ਰਾਣੇ ਨੂੰ।

'ਸ਼ਾਲ੍ਹਾਮਾਰ ਵਿੱਚ ਡੇਲੀਆ' ਵਿੱਚ ਉਹ ਫੁੱਲਾਂ ਦੀ ਖੂਬਸੂਰਤੀ ਅਤੇ ਕੁੱਝ ਲੋਕਾਂ ਦਾ ਕੰਡਿਆਂ ਵਰਗਾ ਚੁੱਭਵਾਂ ਵਿਵਹਾਰ ਅੱਖੀਂ ਡਿੱਠੇ ਹਾਲ ਦੇ ਰੂਪ ਵਿੱਚ ਪੇਸ਼ ਕਰਦਾ ਹੈ ਅਤੇ ਨਾਲ ਹੀ ਆਪਣੇ ਢਾਹੂ ਹੌਸਲੇ ਦਾ ਵਰਣਨ ਕਰਦਾ ਹੈ।

'ਉਸ ਮਨੁੱਖ ਦੀ ਦਸ਼ਾ' ਲੇਖ ਵਿੱਚ ਉਹ ਬੰਗਾਲ ਵਿੱਚ ਅਕਾਲ ਦੇ ਸਮੇਂ ਦਾ ਦ੍ਰਿਸ਼ ਬਿਆਨ ਕਰਦਾ ਹੈ। ਭੋਜਨ ਦੀ ਕਮੀ ਕਾਰਨ ਪੈਦਾ ਹੋਈ ਸਥਿਤੀ ਨੂੰ ਉਹ ਜਿੱਥੇ ਤੱਥਾਂ ਸਮੇਤ ਲਿਖ ਜਾਂਦਾ ਹੈ, ਉੱਥੇ ਉਹ ਮਨੁੱਖੀ ਜ਼ਿੰਦਗੀ ਦੀ ਹਾਲਤ ਨੂੰ ਭਾਵਨਾਵਾਂ ਦੇ ਵੇਗ ਰਾਹੀਂ ਪੇਸ਼ ਕਰਦਾ ਹੈ-

ਕਿਤੇ-ਕਿਤੇ ਖ਼ੈਰਾਇਤੀ ਲੰਗਰਾਂ ਉੱਤੇ ਪਿੰਜਰਾਂ ਦੀਆਂ ਡਰਾਉਣੀਆਂ ਕਤਾਰਾਂ ਖੜੋਤੀਆਂ ਕਈ ਘੰਟੇ ਖਲੋਣ ਪਿਛੋਂ ਖਿਚੜੀ ਦੀ ਕੜਛੀ ਇੱਕ ਵਾਰੀ ਦਿਨ ਵਿੱਚ ਮਿਲਦੀ ਹੈ। ਸਿਰਫ ਕਲਕੱਤੇ ਸ਼ਹਿਰ ਦੇ ਸਵਾ ਲੱਖ ਮੁਥਾਜਾਂ ਵਿਚੋਂ ਤੀਹ ਹਜ਼ਾਰ ਜਵਾਨ ਇਸਤਰੀਆਂ ਵੇਸਵਾ ਬਣ ਗਈਆਂ। ਤਰਕ ਦਿੰਦਾ ਹੋਇਆ ਉਹ ਗੱਲ ਕਰਦਾ ਹੈ-

> ਉਂਞ ਵੀ ਬੰਗਾਲ ਵਿੱਚ ਇੰਨੇ ਘੱਟ ਚੌਲ ਨਹੀਂ ਹੁੰਦੇ। ਇਹ ਰੌਲਾ ਅਣਗੌਲਿਆ ਕੂੜ ਹੈ ਕਿ ਬਰਮਾ ਦੇ ਚੌਲ ਬੰਦ ਹੋਣ ਕਰਕੇ ਬੰਗਾਲ ਭੁੱਖਾ ਮਰ ਰਿਹਾ ਹੈ। ਨਹੀਂ, ਬੰਗਾਲ ਆਪਣੀ ਲੋੜ ਨਾਲੋਂ ਮਸ੍ਹਾ ਚਾਰ ਫਸੀਦੀ ਘੱਟ ਚੌਲ ਪੈਦਾ ਕਰਦਾ ਹੈ। ਚਾਰ ਫੀਸਦੀ ਘੱਟ ਨਾਲ ਕੋਈ ਭੁੱਖਾ ਨਹੀਂ ਮਰ ਸਕਦਾ। ਨਾ ਫੌਜਾਂ ਵਿੱਚ ਚੌਲਾਂ ਦੀ ਖਪਤ ਨੇ ਇਹ

ਤੰਗੀ ਲਿਆਂਦੀ ਹੈ।

ਇਸ ਲਈ ਪ੍ਰੀਤਲੜੀ ਰਾਜਨੀਤਕ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਇਸ ਪੁਸਤਕ ਵਿਚਲੇ ਕੁਝ ਲੇਖ, ਨਵੇਂ ਐਡੀਸ਼ਨਾਂ ਵਿੱਚ 1924 ਤੋਂ ਬਾਅਦ ਦੀਆਂ ਯਾਦਾਂ ਨਾਲ ਵੀ ਸਬੰਧਿਤ ਹਨ। ਇਸ ਪੁਸਤਕ ਰਾਹੀਂ ਪ੍ਰੀਤਲੜੀ ਆਪਣੇ ਦੇਸ਼-ਵਿਦੇਸ਼ ਦੇ ਦੌਰਿਆਂ ਦੌਰਾਨ ਹੋਏ ਆਪਣੇ ਨਿੱਜੀ ਤਜ਼ਰਬਿਆਂ ਨੂੰ ਸਾਂਝਾ ਕਰਦਾ ਹੈ ਅਤੇ ਪਾਠਕ ਨੂੰ ਉਥੋਂ ਦੇ ਸੱਭਿਆਚਾਰ ਤੋ ਜਾਣੂ ਕਰਵਾਉਂਦਾ ਹੋਇਆ ਅਥਾਹ ਗਿਆਨ ਪ੍ਰਾਪਤ ਕਰਨ ਦੀ ਜਗਿਆਸਾ ਨੂੰ ਹੋਰ ਵੀ ਤੀਬਰ ਕਰ ਜਾਂਦਾ ਹੈ।

ਇਹ ਨੋਟਸ ਵੱਖ-ਵੱਖ ਖੋਜ ਪੱਤ੍ਰਿਕਾਵਾਂ, ਡਾ. ਟੀ.ਡੀ.ਜੋਸ਼ੀ, ਡਾ. ਬੂਟਾ ਸਿੰਘ ਬਰਾੜ,ਡਾ. ਹਰਿਭਜਨ ਸਿੰਘ, ਡਾ. ਜਗਬੀਰ ਸਿੰਘ, ਡਾ. ਬਿਕਰਮ ਸਿੰਘ ਘੁੰਮਣ, ਡਾ. ਬ੍ਰਹਮ ਜਗਦੀਸ਼ ਸਿੰਘ, ਡਾ. ਹਰਿਭਜਨ ਸਿੰਘ ਭਾਟੀਆ, ਡਾ. ਸੁਹਿੰਦਰ ਸਿੰਘ ਬੇਦੀ ਅਤੇ ਹੋਰ ਵਿਦਵਾਨਾਂ ਦੀਆਂ ਪੁਸਤਕਾਂ ਦੀ ਮੱਦਦ ਨਾਲ ਤਿਆਰ ਕੀਤੇ ਗਏ ਹਨ।